## ਸ਼੍ਰੇਣੀ ਦਸਵੀਂ

## ਕਟਾਈ ਅਤੇ ਸਿਲਾਈ

**ਸਮਾਂ: 2 ਘੰਟੇ** **ਲਿਖਤੀ: 40 ਅੰਕ**

**ਸਮਾਂ: 3 ਘੰਟੇ** **ਪ੍ਰਯੋਗੀ: 50 ਅੰਕ**

*** ਆਂਤਰਿਕ ਮੁਲਾਂਕਣ: 10 ਅੰਕ**

**ਕੁੱਲ: 100 ਅੰਕ**

### ਪ੍ਰਸ਼ਨ ਪੱਤਰ ਦੀ ਰੂਪ ਰੇਖਾ

1. ਸੋਲਾਂ (16) ਪ੍ਰਸ਼ਨਾਂ ਦਾ ਇੱਕ ਲਿਖਤੀ ਪੇਪਰ ਹੋਵੇਗਾ। ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹੋਣਗੇ।
2. ਪਹਿਲੇ 5 ਪ੍ਰਸ਼ਨ (1-5) ਵਸਤੂਨਿਸ਼ਠ (Objective) ਕਿਸਮ ਦੇ ਹੋਣਗੇ। ਹਰ ਪ੍ਰਸ਼ਨ ਇੱਕ ਅੰਕ ਦਾ ਹੋਵੇਗਾ। ਵਸਤੂਨਿਸ਼ਠ ਪ੍ਰਸ਼ਨ ਇੱਕ ਸ਼ਬਦ ਤੋਂ ਇੱਕ ਵਾਕ ਤੱਕ ਦੇ ਉੱਤਰ ਵਾਲੇ **ਜਾਂ** ਖਾਲੀ ਥਾਂ ਭਰੋ **ਜਾਂ** ਠੀਕ/ਗਲਤ **ਜਾਂ** ਬਹੁ-ਭਾਂਤੀ ਉੱਤਰਾਂ ਵਾਲੇ, ਕਿਸੇ ਵੀ ਤਰ੍ਹਾਂ ਦੇ ਹੋ ਸਕਦੇ ਹਨ।
   5×1=5
3. ਅਗਲੇ ਦਸ (10) ਪ੍ਰਸ਼ਨ (6-15) ਛੋਟੇ ਉੱਤਰਾਂ ਵਾਲੇ ਹੋਣਗੇ। ਇੱਕ ਪ੍ਰਸ਼ਨ 3 ਅੰਕਾਂ ਦਾ ਹੋਵੇਗਾ। ਇਹਨਾਂ ਪ੍ਰਸ਼ਨਾਂ ਦਾ ਉੱਤਰ ਲਗਭਗ 60-80 ਸ਼ਬਦਾਂ ਵਿੱਚ ਦੇਣਾ ਹੋਵੇਗਾ।
   10×3=30
4. ਪ੍ਰਸ਼ਨ ਨੰ: ਸੋਲਾਂ (16) ਪੰਜ (5) ਅੰਕਾਂ ਦਾ ਹੋਵੇਗਾ ਅਤੇ ਇਸ ਵਿੱਚ 100% ਅੰਦਰੂਨੀ ਚੋਣ ਹੋਵੇਗੀ। ਇਸ ਦਾ ਉੱਤਰ 150-200 ਸ਼ਬਦਾਂ ਵਿੱਚ ਹੋਣਾ ਚਾਹੀਦਾ ਹੈ।
   1×5=5

### ਪਾਠ-ਕ੍ਰਮ ਅਨੁਸਾਰ ਪ੍ਰਸ਼ਨਾਂ ਅਤੇ ਅੰਕਾਂ ਦੀ ਵੰਡ

| ਪ੍ਰਸ਼ਨਾਂ ਦੀ ਕਿਸਮ | ਅੰਕ ਪ੍ਰਤੀ ਪ੍ਰਸ਼ਨ | ਪ੍ਰਸ਼ਨਾਂ ਦੀ ਸੰਖਿਆਂ | ਪਾਠ-ਕ੍ਰਮ ਦੇ | | | ਕੁੱਲ ਅੰਕ |
|---|---|---|---|---|---|---|
| | | | ਲੜੀ ਨੰ: 1 ਅਤੇ 2 ਵਿੱਚੋਂ | ਲੜੀ ਨੰ: 3 ਅਤੇ 4 ਵਿੱਚੋਂ | ਲੜੀ ਨੰ: 5,6,7 ਅਤੇ 8 ਵਿੱਚੋਂ | |
| ਵਸਤੂਨਿਸ਼ਠ | 1 ਅੰਕ | 5 | 2 | 1 | 2 | **5** |
| ਛੋਟੇ ਉੱਤਰਾਂ ਵਾਲੇ | 3 ਅੰਕ | 10 | 4 | 3 | 3 | **30** |
| ਨਿਬੰਧਾਤਮਕ | 5 ਅੰਕ | 1 | - | - | 1 | **5** |
| **ਕੁੱਲ** | | **16** | **6** | **4** | **6** | **40** |

### ਪਾਠ-ਕ੍ਰਮ (ਲਿਖਤੀ)

1. ਰੇਸ਼ੇ, ਧਾਗੇ ਅਤੇ ਕੱਪੜੇ ਦੀ ਪਰਿਭਾਸ਼ਾ। ਰੇਸ਼ੇ ਤੋਂ ਕੱਪੜਾ ਬਣਾਉਣ ਲਈ ਜ਼ਰੂਰੀ ਵਿਸ਼ੇਸ਼ਤਾਈਆਂ।
2. ਰੇਸ਼ਿਆਂ ਦਾ ਵਰਗੀਕਰਨ ਅਤੇ ਵਿਸ਼ੇਸ਼ਤਾਈਆਂ: ਵੱਖ-ਵੱਖ ਪ੍ਰਕਾਰ ਦੇ ਕੱਪੜਿਆਂ ਦੀ ਪਹਿਚਾਣ ਅਤੇ ਵਿਸ਼ੇਸ਼ਤਾਈਆਂ।
3. ਕੱਪੜਿਆਂ ਦੀ ਚੋਣ: ਚੋਣ ਤੇ ਅਸਰ ਪਾਉਣ ਵਾਲੇ ਕਾਰਕ।
   (1) ਕੱਪੜੇ ਨਾਲ ਸਬੰਧਤ (ਰੇਸ਼ੇ ਅਤੇ ਕੱਪੜੇ ਦੀ ਬਣਾਵਟ ਸਬੰਧੀ)
   (2) ਮੱਨੁਖ ਨਾਲ ਸਬੰਧਤ ਕਾਰਕ (ਉਮਰ,ਪੇਸ਼ਾ,ਮੌਕਾ,ਫ਼ੈਸ਼ਨ,ਸਰੀਰ ਦਾ ਆਕਾਰ ਅਤੇ ਸਹੂਲੀਅਤ)
   (3) ਹੋਰ ਕਾਰਕ (ਮੌਸਮ ਅਤੇ ਕੀਮਤ)

4. ਡਿਜ਼ਾਇਨ ਦੇ ਮੂਲ ਅੰਸ਼-ਰੇਖਾਵਾਂ,ਅਕਾਰ, ਰੰਗ ਅਤੇ ਬਨਾਵਟ। ਡਿਜ਼ਾਇਨ ਦੇ ਸਿਧਾਂਤ-ਇੱਕਸੁਰਤਾ, ਅਨੁਪਾਤ, ਸੰਤੁਲਨ,ਲੈਅ ਅਤੇ ਬੱਲ।
5. ਸਿਲਾਈ ਮਸ਼ੀਨ ਚਲਾਉਣ ਦਾ ਤਰੀਕਾ, ਆਮ ਨੁਕਸ ਅਤੇ ਉਹਨਾਂ ਨੂੰ ਦੂਰ ਕਰਨ ਦੇ ਤਰੀਕੇ,ਸ਼ਟਲ ਖੋਲਣ ਅਤੇ ਫਿੱਟ ਕਰਨਾ।
6. ਗੋਲਾਈ ਵਾਲੇ ਹਿੱਸੇ ਤੇ ਪਾਈਪਿੰਗ ਅਤ ਪੱਟੀ ਲਗਾਉਣਾ,ਚੋਣਾਂ,ਪਲੀਟਾਂ ਅਤੇ ਪਿਨਟੈਕਸ ਪਾਉਣਾ,ਖੁੱਲੀ ਪੱਟੀ ਬਣਾਉਣ ਅਤੇ ਬੰਦ ਕਰਨ ਦੇ ਤਰੀਕੇ।
7. ਨਾਪ ਨੂੰ ਡਰਾਫਟਿੰਗ ਵਿੱਚ ਬਦਲਣ ਦੇ ਤਰੀਕੇ। ਨਾਪ ਦਾ ਪ੍ਰਯੋਗ ਕਰਕੇ ਡਰਾਫਟਿੰਗ ਬਣਾਉਣੀ ਅਤੇ ਕੱਪੜੇ ਦਾ ਅਨੁਮਾਨ ਲਗਾਉਣਾ।
8. ਰੌਂਪਰ, ਸਲਵਾਰ, ਕੁੜਤੇ ਅਤੇ ਪਜਾਮੇ ਦੀ ਡਰਾਫਟਿੰਗ।

## ਪ੍ਰਸ਼ਨ ਪੱਤਰ ਦੀ ਰੂਪ ਰੇਖਾ (ਪ੍ਰਯੋਗੀ)

**ਸਮਾਂ: 3 ਘੰਟੇ** **ਕੁੱਲ ਅੰਕ: 50**

**ਨੋਟ: ਇੱਕ ਗੁੱਰਪ ਵਿੱਚ 25 ਤੋਂ ਵੱਧ ਵਿਦਿਆਰਥੀ ਨਹੀਂ ਹੋਣੇ ਚਾਹੀਦੇ।**

1. ਰਿਕਾਰਡ, ਨੋਟ ਬੁੱਕ ਅਤੇ ਜ਼ਬਾਨੀ -------------------------------- 5 ਅੰਕ
2. ਪ੍ਰੈਕਟੀਕਲ ਨੰ: 1 ਅਤੇ 3 ਤੇ ਅਧਾਰਿਤ ਕੋਈ ਇੱਕ ਪ੍ਰੈਕਟੀਕਲ--------------- 5 ਅੰਕ
3. ਪ੍ਰੈਕਟੀਕਲ ਨੰ: 2 ਤੇ ਅਧਾਰਿਤ ---------------------------------- 5 ਅੰਕ
4. ਪ੍ਰੈਕਟੀਕਲ ਨੰ: 4 ਅਤੇ 5 ਤੇ ਅਧਾਰਿਤ ਕੋਈ ਇੱਕ ਪ੍ਰੈਕਟੀਕਲ---------------- 15 ਅੰਕ
5. ਪ੍ਰੈਕਟੀਕਲ ਨੰ: 7 ਤੇ ਅਧਾਰਿਤ ਕੋਈ ਇੱਕ ਪ੍ਰੈਕਟੀਕਲ-------------------- 20 ਅੰਕ

ਪ੍ਰੀਖਿਅਕ ਪ੍ਰਯੋਗ ਅਨੁਸਾਰ ਨੰਬਰਾਂ ਦੀ ਅੰਦਰਨੀ ਵੰਡ ਆਪ ਕਰੇਗਾ।

## ਪਾਠ-ਕ੍ਰਮ (ਪ੍ਰਯੋਗੀ)

1. ਗੋਲਾਈ ਤੇ ਪਾਈਪਿੰਗ ਅਤੇ ਪੱਟੀ ਲਗਾਉਣਾ (facing), ਚੋਣਾਂ, ਪਲੀਟਾਂ (ਸਾਦਾ ਅਤੇ ਬਾਕਸ) ਅਤੇ ਪਿੰਨਟੈਕਸ ਦੇ ਸੈਂਪਲ ਤਿਆਰ ਕਰਨਾ।
2. ਮਸ਼ੀਨ ਦੇ ਨੁਕਸ ਦੂਰ ਕਰਨਾ,ਸ਼ਟਲ ਖੋਲਣਾ ਅਤੇ ਫਿੱਟ ਕਰਨਾ।
3. ਸਧਾਰਨ ਪੱਟੀ,ਖੁੱਲੀ ਪੱਟੀ-ਇੱਕ ਟਾਕੀ ਵਾਲੀ ਅਤੇ ਦੋ ਟਾਕੀ ਵਾਲੀ ਪੱਟੀ। ਪੱਟੀ ਬੰਦ ਕਰਨ ਦੇ ਤਰੀਕੇ- ਪ੍ਰੈੱਸ ਬਟਨ, ਹੁੱਕ ਤੇ ਆਈ,ਬਟਨ ਤੇ ਕਾਜ਼,ਜੰਜ਼ੀਰ (zip) ਲਗਾਉਣਾ ਅਤੇ ਵੈਲਕਰੋ ਟੇਪ ਲਗਾਉਣਾ।
4. ਸਮੌਕਿੰਗ ਦੇ ਸੈਂਪਲ ਤਿਆਰ ਕਰਨੇ।
5. ਸਾਦੀ ਟਾਕੀ ਅਤੇ ਨਮੂਨੇ ਵਾਲੇ ਕੱਪੜੇ ਤੇ ਟਾਕੀ ਲਾਉਣਾ ਅਤੇ ਰਫੂ ਕਰਨਾ।
6. ਬਾਜ਼ਾਰ ਵਿੱਚ ਮਿਲਣ ਵਾਲੇ ਵੱਖ-ਵੱਖ ਪ੍ਰਕਾਰ ਦੇ ਕੱਪੜਿਆਂ (fabrics) ਦੇ ਸੈਂਪਲ ਇੱਕਠੇ ਕਰਨੇ।
7. ਰੌਂਪਰ,ਸਲਵਾਰ,ਕਮੀਜ਼,ਕੁੜਤਾ ਅਤੇ ਪਜਾਮੇ (ਸਾਦਾ ਜਾਂ ਪੈਂਟਕਾਟ) ਦੀ ਡਰਾਫਟਿੰਗ,ਕਾਗਜ਼ ਤੇ ਕਟਾਈ ਅਤੇ ਕੱਪੜੇ ਤੇ ਸਿਲਾਈ।
8. ਸੈਸ਼ਨਲ ਕੰਮ ਅਨੁਸਾਰ ਸਕੀਮ ਤਿਆਰ ਕਰਨੀ।

*** ਨੋਟ: ਆਂਤਰਿਕ ਮੁਲਾਂਕਣ ਲਈ ਨਿਰਧਾਰਿਤ 10 ਅੰਕਾਂ ਦੀ ਵੰਡ ਹੇਠ ਦਰਜ ਅਨੁਸਾਰ ਹੋਵੇਗੀ:**

| | | |
|---|---|---|
| **1. ਬੁੱਕ ਬੈਕ** | : | **2 ਅੰਕ** |
| **2. ਮਹੀਨਾਵਾਰ ਲਿਖਤੀ ਟੈਸਟਾਂ ਤੇ ਆਧਾਰਿਤ ਮੁਲਾਂਕਣ** | : | **5 ਅੰਕ** |
| **3. ਵਿਸ਼ੇ ਨਾਲ ਸਬੰਧਤ ਅਤੇ ਪਾਠਕ੍ਰਮ ਤੇ ਆਧਾਰਿਤ ਅਧਿਆਪਕ ਵੱਲੋਂ ਦਿੱਤੀ ਗਈ ਅਸਾਇਨਮੈਂਟ** | : | **3 ਅੰਕ** |